# ਬੀ.ਏ. ਭਾਗ-3 ਸਮੈਸਟਰ-5, ਪੰਜਾਬ ਲਾਜ਼ਮੀ

# ਵਾਕੰਸ਼

ਵਿਆਕਰਨਕ ਇਕਾਈਆਂ ਵਿਚ ਵਾਕ ਨੂੰ ਵੱਡੀ ਤੋਂ ਵੱਡੀ ਇਕਾਈ ਮੰਨਿਆ ਜਾਂਦਾ ਹੈ ਜਦੋਂ ਕਿ ਸ਼ਬਦ ਤੇ ਭਾਵਾਂਸ਼ ਨੂੰ ਛੋਟੀ ਤੋਂ ਛੋਟੀ ਇਕਾਈ ਮੰਨਿਆ ਜਾਂਦਾ ਹੈ । ਇਨ੍ਹਾਂ ਇਕਾਈਆਂ ਦੇ ਦਰਮਿਆਨ ਸ਼ਬਦ ਵਰਗਾ ਕਾਰਜ ਕਰਨ ਵਾਲੀ ਇਕਾਈ ਨੂੰ ਵਾਕੰਸ਼ ਆਖਿਆ ਜਾਂਦਾ ਹੈ ਅਤੇ ਵਾਕ ਵਰਗਾ ਕਾਰਜ ਕਰਨ ਵਾਲੀ ਇਕਾਈ ਨੂੰ ਉਪਵਾਕ ਆਖਿਆ ਜਾਂਦਾ ਹੈ। ਉਸ ਇਕਾਈ ਨੂੰ ਵਾਕੰਸ਼ ਦਾ ਨਾਂ ਦਿੱਤਾ ਜਾਂਦਾ ਹੈ ਜਿਸ ਦੀ ਬਣਤਰ ਵਿਚ ਇਕ ਜਾਂ ਇਕ ਤੋਂ ਵਧੇਰੇ ਸ਼ਾਬਦਕ ਇਕਾਈਆਂ ਮਿਲ ਕੇ ਇਕ ਕਾਰਜ ਕਰ ਰਹੀਆਂ ਹੋਣ। ਭਾਵ ਬਣਤਰ ਦੇ ਪੱਖ ਤੋਂ ਵਾਕੰਸ਼ ਇਕ-ਸ਼ਬਦੀ ਵੀ ਹੋ ਸਕਦਾ ਹੈ ਅਤੇ ਬਹੁ-ਸ਼ਬਦੀ ਵੀ।

**ਵਾਕੰਸ਼ ਦਾ ਵਰਗੀਕਰਨ**

1. **ਨਾਂਵ ਵਾਕੰਸ਼**
2. **ਕਿਰਿਆ ਵਾਕੰਸ਼**

**2. ਕਿਰਿਆ ਵਾਕੰਸ਼-**

ਵਾਕ ਬਣਤਰ ਵਿੱਚ ਜੋ ਵਾਕੰਸ਼ ਉਦੇਸ਼ ਦੇ ਵਿਧੇ ਦਾ ਕਾਰਜ, ਕਾਲ ਵਿੱਚ ਪ੍ਰਗਟ ਕਰੇ, ਉਸ ਨੂੰ ਕਿਰਿਆ ਵਾਕੰਸ਼ ਕਿਹਾ ਜਾਂਦਾ ਹੈ। ਕਿਰਿਆ ਵਾਕੰਸ਼ ਵਿਧੇ ਦੇ ਲਾਜ਼ਮੀ ਤੱਤ ਵਜੋਂ ਕਾਰਜਸ਼ੀਲ ਹੁੰਦਾ ਹੈ, ਜਿਸ ਤੋਂ ਸੁਤੰਤਰ ਉਪਵਾਕ ਜਾਂ ਸਧਾਰਨ ਵਾਕ ਦੀ ਰਚਨਾ ਹੁੰਦੀ ਹੈ। ਇਸ ਤਰ੍ਹਾਂ ਵਾਕ ਬਣਤਰ ਵਿੱਚ ਜਿਸ ਸਾਰਥਿਕ ਸ਼ਬਦ ਸਮੂਹ ਦਾ ਮੁੱਖ ਸ਼ਬਦ ਕ੍ਰਿਆ ਸ਼੍ਰੇਣੀ ਦਾ ਹੋਵੇਗਾ, ਉਸ ਨੂੰ ਕਿਰਿਆ ਵਾਕੰਸ਼ ਕਿਹਾ ਜਾਂਦਾ ਹੈ। ਜਿਵੇਂ-

ਬੱਚਾ ਕਿਤਾਬ ਪੜ੍ਹ ਰਿਹਾ ਹੈ।

ਇਸ ਵਾਕ ਵਿੱਚ 'ਪੜ੍ਹ ਰਿਹਾ ਹੈ' ਕਿਰਿਆ ਵਾਕੰਸ਼ ਹੈ ਕਿਉਂਕਿ ਇਸ ਵਾਕੰਸ਼ ਦਾ ਮੁੱਖ ਸ਼ਬਦ 'ਪੜ੍ਹ' ਕਿਰਿਆ ਸ਼੍ਰੇਣੀ ਦਾ ਹੈ।

ਰੂਪ ਦੇ ਆਧਾਰ ਤੇ ਕਿਰਿਆ ਵਾਕੰਸ਼ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ-

i) ਅਕਾਲਕੀ ਕਿਰਿਆ ਵਾਕੰਸ਼

ii) ਕਾਲਕੀ ਕਿਰਿਆ ਵਾਕੰਸ਼

i) **ਅਕਾਲਕੀ ਕਿਰਿਆ ਵਾਕੰਸ਼-**

ਜੋ ਕਿਰਿਆ ਵਾਕੰਸ਼ ਕਾਲ, ਪੱਖ, ਲਿੰਗ, ਵਚਨ ਅਤੇ ਪੁਰਖ ਦੇ ਪੱਖ ਤੋਂ ਆਪਣਾ ਰੂਪ ਨਾ ਬਦਲੇ, ਉਸ ਨੂੰ ਅਕਾਲਕੀ ਜਾਂ ਸੀਮਾਮੁਕਤ ਕਿਰਿਆ ਵਾਕੰਸ਼ ਕਿਹਾ ਜਾਂਦਾ ਹੈ। ਪੰਜਾਬੀ ਭਾਸ਼ਾ ਵਿੱਚ ਅਕਾਲਕੀ ਕਿਰਿਆ ਵਾਕੰਸ਼ ਸੀਮਤ ਪਿਛੇਤਰੀ ਰੂਪਾਂ ਵਿੱਚ ਮਿਲਦੇ ਹਨ। ਜਿਵੇਂ- /-ਕੇ/, /-ਦਿਆਂ/, /-ਇਆਂ/, /-ਨੋ/, /-ਣੋ/ ਆਦਿ ਕਿਰਿਆ ਅੰਤਕ ਰੂਪ ਅਕਾਲਕੀ ਹਨ। ਅਕਾਲਕੀ ਕਿਰਿਆ ਵਾਕੰਸ਼ ਸੁਤੰਤਰ ਉਪਵਾਕ ਦੀ ਸਿਰਜਣਾ ਕਰਨ ਦੇ ਸਮਰੱਥ ਨਹੀਂ ਹੁੰਦੇ। ਇਹ ਸਿਰਫ਼ ਅਧੀਨ ਉਪਵਾਕਾਂ ਦੀ ਸਿਰਜਣਾ ਹੀ ਕਰ ਸਕਦੇ ਹਨ। ਜਿਵੇਂ ਕਿ-

ੳ) ਖਾਲ ਟੱਪਦਿਆਂ ਮੇਰੇ ਪੈਰ ਨੂੰ ਮੋਚ ਆ ਗਈ।

ਅ) ਘੋੜੇ ਤੋਂ ਡਿੱਗ ਕੇ ਮੇਰੀ ਲੱਤ ਟੁੱਟ ਗਈ।

ੲ) ਬਿਨਾਂ ਮਿਹਨਤ ਕੀਤਿਆਂ ਸਫ਼ਲਤਾ ਨਹੀਂ ਮਿਲਦੀ।

ਸ)ਉਹ ਰਾਤ ਨੂੰ ਘਰੋਂ ਬਾਹਰ ਜਾਣੋਂ ਨਹੀਂ ਰਹਿੰਦਾ।

ਹ) ਉਹ, ਮੇਰੇ ਨਾਲ ਲੜਾਈ ਕਰਨੋਂ ਝਿਜਕਦਾ ਹੈ।

ਉਪਰੋਕਤ ਵਾਕਾਂ ਵਿੱਚ /ਟੱਪਦਿਆਂ, ਡਿਗ ਕੇ, ਕੀਤਿਆਂ, ਜਾਣੋਂ ਅਤੇ ਕਰਨੋ/ ਆਦਿ ਅਕਾਲਕੀ ਕਿਰਿਆ ਰੂਪ ਹਨ।

ii) **ਕਾਲਕੀ ਕਿਰਿਆ ਵਾਕੰਸ਼-**

ਜਿਸ ਕਿਰਿਆ ਵਾਕੰਸ਼ ਤੋਂ ਕਿਰਿਆ ਦੇ ਕਾਲ ਜਾਂ ਉਸ ਦੇ ਪੱਖ ਦਾ ਬੋਧ (ਗਿਆਨ) ਹੋਵੇ ਉਸ ਨੂੰ ਕਾਲਕੀ ਜਾਂ ਸੀਮਾਬੱਧ ਕਿਰਿਆ ਵਾਕੰਸ਼ ਕਿਹਾ ਗਿਆ ਹੈ। ਇਸ ਕਿਰਿਆ ਵਾਕੰਸ਼ ਵਿੱਚ ਘੱਟੋ-ਘੱਟ ਇੱਕ ਕਾਲਕੀ ਕਿਰਿਆ ਰੂਪ ਦਾ ਹੋਣਾ ਲਾਜ਼ਮੀ ਹੈ। ਕਾਲਕੀ ਕਿਰਿਆ ਵਾਕੰਸ਼ ਕਰਤਾ ਜਾਂ ਕਰਮ ਨਾਂਵ ਵਾਕੰਸ਼ ਦੇ ਲਿੰਗ, ਵਚਨ ਤੇ ਪੁਰਖ ਵਿੱਚੋਂ ਘੱਟੋ-ਘੱਟ ਇੱਕ ਸ਼ਰੇਣੀ ਕਰਕੇ ਆਪਣਾ ਰੂਪ ਬਦਲਦੇ ਹਨ। ਪੰਜਾਬੀ ਭਾਸ਼ਾ ਦੀ ਸਧਾਰਨ ਵਾਕ ਬਣਤਰ ਵਿੱਚ ਕਾਲਕੀ ਕਿਰਿਆ ਵਾਕੰਸ਼ ਵਾਕ ਦੇ ਅੰਤ ਤੇ ਵਿਚਰਦਾ ਹੈ। ਪੰਜਾਬੀ ਭਾਸ਼ਾ ਦੀ ਵਾਕ ਬਣਤਰ ਵਿੱਚ ਇੱਕ ਹਾਂ ਵਾਚੀ ਕਰਤਰੀ ਵਾਚੀ ਕਾਲਕੀ ਕਿਰਿਆ ਵਾਕੰਸ਼ ਵਿੱਚ ਚਾਰ ਤੱਕ ਕਿਰਿਆ ਰੂਪ ਆ ਸਕਦੇ ਹਨ ਅਤੇ ਕਰਮਵਾਚੀ ਬਣਤਰ ਵਿੱਚ ਵੱਧ ਤੋਂ ਵੱਧ ਪੰਜ ਕਿਰਿਆ ਰੂਪ ਵਿਚਰ ਸਕਦੇ ਹਨ, ਜੇ ਕਿਸੇ ਕਿਰਿਆ ਵਾਕੰਸ਼ ਵਿੱਚ ਇਹ ਸਾਰੇ ਰੂਪ ਇਕੱਠੇ ਵਿਚਰਨ ਤਾਂ ਇਨ੍ਹਾਂ ਦੀ ਤਰਤੀਬ ਹੇਠ ਲਿਖੇ ਅਨੁਸਾਰ ਹੁੰਦੀ ਹੈ-

**ਕਰਤਰੀਵਾਚੀ ਕਿਰਿਆ ਵਾਕੰਸ਼**

ਮੁੱਖ ਕਿਰਿਆ+ਸੰਚਾਲਕ ਕਿਰਿਆ(ਮੁੱਢਲੀ ਸੰਚਾਲਕ, ਗਤੀਵਾਚੀ ਸੰਚਾਲਕ, ਸੰਭਾਵੀ ਸੰਚਾਲਕ)+ਸਹਾਇਕ ਕਿਰਿਆ।

**ਕਰਮਵਾਚੀ ਕਿਰਿਆ ਵਾਕੰਸ਼**

ਮੁੱਖ ਕਿਰਿਆ+ਸੰਚਾਲਕ ਕਿਰਿਆ(ਮੁੱਢਲੀ ਸੰਚਾਲਕ, ਕਰਮਣੀ ਸੰਚਾਲਕ, ਗਤੀਵਾਚੀ ਸੰਚਾਲਕ, ਸੰਭਾਵੀ ਸੰਚਾਲਕ)+ਸਹਾਇਕ ਕਿਰਿਆ।

ੳ) **ਮੁੱਖ ਕਿਰਿਆ -** ਕਿਰਿਆ ਵਾਕੰਸ਼ ਵਿੱਚ ਮੁੱਖ ਕਿਰਿਆ ਕੇਂਦਰੀ ਭੂਮਿਕਾ ਨਿਭਾਉਂਦੀ ਹੈ। ਇਹ ਕਿਰਿਆ ਵਾਕੰਸ਼ ਦਾ ਮੂਲ ਤੇ ਲਾਜ਼ਮੀ ਤੱਤ ਹੈ। ਆਮ ਤੌਰ ਤੇ ਇੱਕ ਹਾਂ ਵਾਚੀ ਕਿਰਿਆ ਵਾਕੰਸ਼ ਵਿੱਚ ਮੁੱਖ ਕਿਰਿਆ ਸਭ ਤੋਂ ਪਹਿਲਾਂ ਆਉਂਦੀ ਹੈ ਤੇ ਇਹ ਹੋਣ ਵਾਲੇ ਕਾਰਜ ਵੱਲ ਸੰਕੇਤ ਕਰਦੀ ਹੈ। ਜਿਵੇਂ-

i) ਬੱਚਾ ਰੋ ਰਿਹਾ ਹੈ।

ii) ਕੁੜੀ ਪੜ੍ਹ ਰਹੀ ਹੈ।

iii) ਸੰਗਤ ਨੇ ਚਾਹ ਪੀ ਲਈ ਹੈ।

ਉਪਰੋਕਤ ਵਾਕਾਂ ਵਿੱਚ **ਰੋ, ਪੜ੍ਹ** ਅਤੇ **ਪੀ** ਆਦਿ ਕਿਰਿਆਵਾਂ ਮੁੱਖ ਕਿਰਿਆ ਵੱਲੋਂ ਕਾਰਜਸ਼ੀਲ ਹਨ ਅਤੇ ਇਹ ਸਾਰੀਆਂ ਧਾਤੂ ਰੂਪ ਵਿੱਚ ਹਨ।

ਅ) **ਸੰਚਾਲਕ ਕਿਰਿਆ-** ਕਿਰਿਆ ਵਾਕੰਸ਼ ਦੀ ਰਚਨਾ ਮੁੱਖ ਕਿਰਿਆ, ਸੰਚਾਲਕ ਕਿਰਿਆ ਅਤੇ ਸਹਾਇਕ ਕਿਰਿਆ ਨਾਲ਼ ਮਿਲ ਕੇ ਹੁੰਦੀ ਹੈ। ਸੰਚਾਲਕ ਕਿਰਿਆ ਦੀਆਂ ਅੱਗੋਂ ਚਾਰ ਉਪਸ਼੍ਰੇਣੀਆਂ ਹਨ। ਅਸਲ ਵਿੱਚ ਇਹ ਉਹ ਉਪਵਰਗ ਹਨ ਜਿਹੜੇ ਕਿਰਿਆ ਵਾਕੰਸ਼ ਵਿੱਚ ਮੁੱਖ ਕਿਰਿਆ ਤੋਂ ਪਿੱਛੋਂ ਬੱਝਵੀਂ ਤਰਤੀਬ ਵਿੱਚ ਆਕੇ ਵਿਆਕਰਨਿਕ ਕਾਰਜ ਨੂੰ ਸਪੱਸ਼ਟ ਕਰਦੇ ਹਨ। ਕਿਰਿਆ ਵਾਕੰਸ਼ ਵਿੱਚੋਂ ਕਾਲ, ਪੱਖ, ਵਾਚ, ਲਿੰਗ, ਵਚਨ, ਪੁਰਖ ਦੀਆਂ ਵਿਆਕਰਨਿਕ ਸ਼੍ਰੇਣੀਆਂ ਸੰਚਾਲਕੀ ਕਿਰਿਆਵਾਂ ਦੁਆਰਾ ਹੀ ਪ੍ਰਗਟ ਹੁੰਦੀਆਂ ਹਨ।

ਸੰਚਾਲਕ ਕਿਰਿਆਵਾਂ ਦੀ ਸਥਾਪਤੀ ਦੇ ਆਧਾਰ:

**i) ਮੁੱਢਲੀ ਸੰਚਾਲਕ ਕਿਰਿਆ-** ਮੁੱਢਲੀ ਸੰਚਾਲਕ ਕਿਰਿਆ ਮੁੱਖ ਕਿਰਿਆ ਤੋਂ ਬਾਅਦ ਆਉਂਦੀ ਹੈ। ਦਬਾਵਾਚੀ ਜਾਂ ਨਾਂਹ ਵਾਚੀ ਅੰਸ਼ ਮੁੱਖ ਅਤੇ ਸੰਚਾਲਕ ਕਿਰਿਆ ਦੇ ਵਿਚਾਲੇ ਆ ਸਕਦੇ ਹਨ। ਪੰਜਾਬੀ ਭਾਸ਼ਾ ਵਿੱਚ ਮੁੱਢਲੀ ਸੰਚਾਲਕ ਕਿਰਿਆ ਦੇ ਹੇਠ ਲਿਖੇ 34 ਮੈਂਬਰ ਹਨ- ਉਠ, ਆ, ਸਕ, ਸੁਣ, ਸੁਟ, ਹੋ, ਕਰ, ਖੜੋ, ਚੱਲ, ਚੁੱਕ, ਛੱਡ, ਜਾ, ਤੁਰ, ਦਸ, ਦਿਸ, ਦੇ, ਨਿਕਲ, ਪਾ, ਪੈ, ਪੁਜ, ਫੜ, ਫਿਰ, ਬੈਠ, ਬੋਲ, ਬਹਿ, ਬਣ, ਭਿੜ, ਮਰ, ਮਿਲ, ਰਖ, ਲੈ, ਲੰਘ, ਵੇਖ = 34

**ii) ਕਰਮਣੀ ਸੰਚਾਲਕ ਕਿਰਿਆ-** ਕਰਮਣੀ ਸੰਚਾਲਕ ਕਿਰਿਆ ਕਰਮਵਾਚੀ ਵਾਕਾਂ ਵਿੱਚ ਹੀ ਆਉਂਦੀ ਹੈ। ਇਹ ਹਮੇਸ਼ਾ ਮੁੱਖ ਕਿਰਿਆ ਤੋਂ ਤੁਰੰਤ ਬਾਅਦ ਆਉਂਦੀ ਹੈ। ਜੇਕਰ ਕਿਰਿਆ ਵਾਕੰਸ਼ ਵਿੱਚ ਮੁੱਢਲੀ ਸੰਚਾਲਕ ਕਿਰਿਆ ਮੌਜੂਦ ਹੋਵੇ ਤਾਂ ਉਹ ਉਸ ਤੋਂ ਬਾਅਦ ਆਉਂਦੀ ਹੈ। ਇਸ ਉਪਸ਼੍ਰੇਣੀ ਦੇ ਦੋ ਮੈਂਬਰ /ਜਾ/ ਅਤੇ /ਗਿਆ/ ਹਨ ਜੋ ਆਪਣੇ ਵੱਖ-ਵੱਖ ਰੂਪਾਂ ਵਿੱਚ ਵਰਤੇ ਜਾਂਦੇ ਹਨ।

**iii) ਗਤੀਵਾਚਕ ਸੰਚਾਲਕ ਕਿਰਿਆ-** ਗਤੀਵਾਚਕ ਸੰਚਾਲਕ ਕਿਰਿਆ ਮੁੱਢਲੀ ਤੇ ਕਰਮਣੀ ਸੰਚਾਲਕ ਕਿਰਿਆ ਤੋਂ ਬਾਅਦ ਅਤੇ ਸੰਭਾਵੀ ਸੰਚਾਲਕ ਕਿਰਿਆ ਤੋਂ ਪਹਿਲਾਂ ਆਉਂਦੀ ਹੈ। ਇਹ ਕਿਰਿਆ ਦੇ ਚਲਦੇ ਹੋਣ ਨੂੰ ਪ੍ਰਗਟ ਕਰਦੀ ਹੈ। ਜੇ ਕੋਈ ਹੋਰ ਸੰਚਾਲਕ ਕਿਰਿਆ ਮੌਜੂਦ ਨਾ ਹੋਵੇ ਤਾਂ ਇਹ ਮੁੱਖ ਕਿਰਿਆ ਤੋਂ ਬਾਅਦ ਆਉਂਦੀ ਹੈ। ਇਸ ਦਾ ਇੱਕੋ ਮੈਂਬਰ /ਰਹਿ/ ਹੈ ਜੋ ਆਪਣੇ ਵੱਖ-ਵੱਖ ਰੂਪਾਂ ਰਿਹਾ, ਰਹਿੰਦਾ, ਰਹੋ ਅਤੇ ਰਹੇ ਆਦਿ ਵਿੱਚ ਵਰਤਿਆ ਜਾਂਦਾ ਹੈ, ਕੁੱਝ ਹਾਲਤਾਂ ਵਿੱਚ /ਜਾ/ ਕਿਰਿਆ ਰੂਪ ਵੀ ਗਤੀਵਾਚੀ ਸੰਚਾਲਕ ਕਿਰਿਆ ਦਾ ਕਾਰਜ ਕਰਦਾ ਹੈ। ਜਿਵੇਂ- ਰਾਮ ਦੇ ਗੁਣ ਗਾਈ ਜਾਓ।

**iv) ਸੰਭਾਵੀ ਸੰਚਾਲਕ ਕਿਰਿਆ-** ਕਿਰਿਆ ਵਾਕੰਸ਼ ਵਿੱਚ ਇਹ ਉਪਸ਼੍ਰੇਣੀ ਸਾਰੀਆਂ ਉਪਸ਼੍ਰੇਣੀਆਂ ਤੋਂ ਪਿੱਛੋਂ ਆਉਂਦੀ ਹੈ। ਜੇ ਵਾਕ ਵਿੱਚ ਸਹਾਇਕ ਕਿਰਿਆ ਮੌਜੂਦ ਹੋਵੇ ਤਾਂ ਇਹ ਸਹਾਇਕ ਕਿਰਿਆ ਤੋਂ ਤੁਰੰਤ ਪਹਿਲਾਂ ਵਿਚਰਦੀ ਹੈ। ਸੰਭਾਵੀ ਸੰਚਾਲਕ ਕਿਰਿਆ ਤੋਂ ਪਹਿਲਾਂ ਘੱਟੋ-ਘੱਟ ਇੱਕ ਹੋਰ ਉਪਸ਼੍ਰੇਣੀ ਆਉਣੀ ਜ਼ਰੂਰੀ ਹੈ, ਭਾਵ ਇਹ ਕਦੇ ਵੀ ਮੁੱਖ ਕਿਰਿਆ ਤੋਂ ਤੁਰੰਤ ਬਾਅਦ ਨਹੀਂ ਵਿਚਰ ਸਕਦੀ। ਇਸ ਉਪਸ਼੍ਰੇਣੀ ਵਿੱਚ ਸੱਕ, ਚੁੱਕ, ਦੱਸ, ਹੋ, ਕਰ ਅਤੇ ਦਿੱਸ ਆਦਿ ਛੇ ਮੈਂਬਰ ਹਨ। ਇੱਥੇ ਇਹ ਵੀ ਵਰਨਣਯੋਗ ਹੈ ਕਿ ਇਹ ਮੈਂਬਰ ਮੁੱਢਲੀ ਸੰਚਾਲਕ ਕਿਰਿਆ ਦੇ 34 ਮੈਂਬਰਾਂ ਵਿੱਚ ਸ਼ਾਮਿਲ ਮੈਂਬਰਾਂ ਨਾਲ਼ ਮਿਲਦੇ-ਜੁਲਦੇ ਹਨ, ਪਰ ਕਾਰਜ ਤੇ ਸਥਾਨ ਦੇ ਪੱਖ ਤੋਂ ਇਹ ਆਪਣੀ ਵੱਖਰੀ ਹੋਂਦ ਰਖਦੇ ਹਨ।

**ੲ) ਸਹਾਇਕ ਕਿਰਿਆ-**

ਇੱਕ ਹਾਂ-ਵਾਚੀ ਕਿਰਿਆ ਵਾਕੰਸ਼ ਵਿੱਚ ਸਹਾਇਕ ਕਿਰਿਆ ਸਾਰੀਆਂ ਉਪਸ਼੍ਰੇਣੀਆਂ ਤੋਂ ਪਿੱਛੋਂ ਵਿਚਰਦੀ ਹੈ। ਵਿਸ਼ੇਸ਼ ਸ਼ੈਲੀਗਤ ਨਮੂਨਿਆਂ ਵਿੱਚ ਇਸ ਦਾ ਸਥਾਨ ਮੁੱਖ ਕਿਰਿਆ ਤੋਂ ਪਹਿਲਾਂ ਵੀ ਹੋ ਸਕਦਾ ਹੈ। ਪੰਜਾਬੀ ਵਿੱਚ ਸਹਾਇਕ ਕਿਰਿਆ ਦੇ ਦੋ

ਮੁੱਖ ਰੂਪ /ਹੈ/ ਅਤੇ /ਸੀ/ ਹਨ, ਜੋ ਕਾਲ, ਵਚਨ ਤੇ ਪੁਰਖ ਕਰਕੇ ਆਪਣਾ ਰੂਪ ਬਦਲਦੇ ਹਨ। ਇਸ ਤੋਂ ਇਲਾਵਾ ਵੱਖ-ਵੱਖ ਉਪਭਾਸ਼ਾਵਾਂ ਸਹਾਇਕ ਕਿਰਿਆ ਦੇ ਹੋਰ ਵੀ ਕਈ ਬੋਲਚਾਲੀ ਰੂਪ ਪ੍ਰਚਲਿਤ ਹਨ। ਜਿਵੇਂ- ਐ, ਏ, ਆਂ, ਵਾਂ, ਸੂ, ਨੇ ਆਦਿ।

**ਸ) ਨਿਪਾਤ-**

ਕਿਰਿਆ ਵਾਕੰਸ਼ ਦੇ ਇਨ੍ਹਾਂ ਤੱਤਾਂ ਤੋਂ ਇਲਾਵਾ ਤੋਂ ਇਲਾਵਾ ਦਬਾਵਾਚੀ ਅਤੇ ਨਾਂਹਵਾਚੀ ਦੋ ਹੋਰ ਤੱਤ ਵੀ ਹੁੰਦੇ ਹਨ ਜੋ ਕਿਰਿਆ ਰੂਪਾਂ ਨਾਲੋਂ ਵੱਖਰੇ ਹੁੰਦੇ ਹਨ। ਇਹ ਤੱਤ ਕਿਰਿਆ ਵਾਕੰਸ਼ ਤੋਂ ਬਾਹਰ ਵੀ ਹੋ ਸਕਦੇ ਹਨ। ਵਾਕ ਵਿੱਚ ਜਾਂ ਕਿਰਿਆ ਵਾਕੰਸ਼ ਵਿੱਚ ਇਹਨਾਂ ਦਾ ਸਥਾਨ ਨਿਸ਼ਚਤ ਨਹੀਂ। ਜਿਸ ਕਿਰਿਆ ਰੂਪ ਤੇ ਜ਼ੋਰ ਦੇਣਾ ਹੋਵੇ, ਉਸ ਕਿਰਿਆ ਰੂਪ ਤੋਂ ਤੁਰੰਤ ਬਾਅਦ ਇਹ ਤੱਤ ਆਉਂਦੇ। ਜੇ ਕਿਸੇ ਕਿਰਿਆ ਵਾਕੰਸ਼ ਵਿੱਚ ਇਹ ਦੋਵੇਂ ਇਕੱਠੇ ਵਰਤੇ ਗਏ ਹੋਣ ਤਾਂ ਇਹ ਇਕੱਠੇ ਹੀ ਵਿਚਰਦੇ ਹਨ। ਇਨ੍ਹਾਂ ਵਿੱਚ ਪਹਿਲਾਂ ਦਬਾਵਾਚੀ ਤੇ ਫਿਰ ਨਾਂਹਵਾਚੀ ਤੱਤ ਆਉਂਦਾ ਹੈ, ਪਰ ਜੇ ਇਨ੍ਹਾਂ ਦੀ ਵਰਤੋਂ ਮੁੱਖ ਕਿਰਿਆ ਤੋਂ ਪਹਿਲਾਂ ਕੀਤੀ ਗਈ ਹੋਵੇ ਤਾਂ ਇਹ ਤਰਤੀਬ ਬਦਲ ਜਾਂਦੀ ਹੈ। ਜਿਵੇਂ-

1. ਉਹ ਸਾਰਾ ਦਿਨ ਪੜ੍ਹਦਾ ਹੀ ਰਹਿੰਦਾ ਹੈ।
2. ਨਿਗ੍ਹਾ ਕਮਜ਼ੋਰ ਹੋਣ ਕਰਕੇ ਉਹ ਪੜ੍ਹ ਨਹੀਂ ਸਕਦਾ।
3. ਸਾਡੇ ਬੱਚੇ ਸਾਨੂੰ ਯਾਦ ਹੀ ਨਹੀਂ ਕਰਦੇ।

ਪੰਜਾਬੀ ਵਿੱਚ ਕਰਤਰੀਵਾਚੀ, ਨਾਂਹਵਾਚੀ ਤੇ ਦਬਾਵਾਚੀ ਕਿਰਿਆ ਵਾਕੰਸ਼ ਵਿੱਚ ਛੇ ਅਤੇ ਇਸ ਦੇ ਬਰਾਬਰ ਦੇ ਕਰਮਵਾਚੀ ਕਿਰਿਆ ਵਾਕੰਸ਼ ਦੀ ਬਣਤਰ ਵਿੱਚ ਸੱਤ ਸ਼ਬਦ ਆ ਸਕਦੇ ਹਨ।

**ਪੰਜਾਬੀ ਦੇ ਹਾਂਵਾਚੀ ਕਿਰਿਆ ਵਾਕੰਸ਼ ਨੂੰ ਹੇਠ ਲਿਖੇ ਅਨੁਸਾਰ ਸੂਤਰਬੱਧ ਕੀਤਾ ਜਾ ਸਕਦਾ ਹੈ-**

1. **ਮੁੱਖ ਕਿਰਿਆ**

   ਉਹ ਦਿੱਲੀ ਗਿਆ। (ਗਿਆ)

2. **ਮੁੱਖ ਕਿਰਿਆ + ਸਹਾਇਕ ਕਿਰਿਆ**

   ਖੇਤਾਂ ਤੋਂ ਪਰੇ ਨਦੀ ਵਗਦੀ ਸੀ। (ਵਗਦੀ + ਸੀ)

3. **ਮੁ.ਕਿ. + ਮੁਢਲੀ ਸੰਚਾਲਕ ਕਿਰਿਆ**

   ਬਾਰੂ ਘਰ ਨੂੰ ਤੁਰ ਪਿਆ। (ਤੁਰ + ਪਿਆ)

4. **ਮੁ.ਕਿ. + ਗਤੀਵਾਚਕ ਸੰਚਾਲਕ ਕਿਰਿਆ**

   ਬਾਰੂ ਨੂੰ ਸਾਰਾ ਦਿਨ ਤਾਪ ਚੜ੍ਹਿਆ ਰਿਹਾ। (ਚੜ੍ਹਿਆ + ਰਿਹਾ)

5. **ਮੁ.ਕਿ. + ਕਰਮਣੀ ਸੰਚਾਲਕ ਕਿਰਿਆ**

   ਜੇਤੂਆਂ ਨੂੰ ਇਨਾਮ ਵੰਡੇ ਗਏ। (ਵੰਡੇ + ਗਏ)

6. **ਮੁ.ਕਿ. +ਮੁ.ਸੰ.ਕਿ. +ਸ.ਕਿ**

   ਉਹ ਇਸ ਯਾਤਰਾ ਦੌਰਾਨ ਸਾਰਾ ਦੇਸ਼ ਘੁੰਮ ਆਇਆ ਹੈ। (ਘੁੰਮ + ਆਇਆ + ਹੈ)

7. **ਮੁ.ਕਿ. + ਗ.ਸੰ.ਕਿ. + ਸੰਭਾਵੀ ਸੰਚਾਲਕ ਕਿਰਿਆ**

ਜਦੋਂ ਉਹ ਪਾਠ ਕਰ ਰਹੀ ਹੁੰਦੀ ਤਾਂ ਪੂਰੀ ਤਰ੍ਹਾਂ ਮਗਨ ਹੋ ਜਾਂਦੀ। (ਕਾਰ + ਰਹੀ + ਹੁੰਦੀ)

**8. ਮੁ.ਕਿ. + ਮੁ.ਸੰ.ਕਿ. + ਸੰ.ਸੰ.ਕਿ.**

ਜੇ ਮੈਂ ਚਿੱਠੀ ਪੜ੍ਹ ਲਈ ਹੁੰਦੀ ਤਾਂ ਮੈਨੂੰ ਲੇਟ ਫੀਸ ਨਾ ਪੈਂਦੀ। (ਪੜ੍ਹ + ਲਈ + ਹੁੰਦੀ)

**9. ਮੁ.ਕਿ. + ਗ.ਸੰ.ਕਿ. + ਸ.ਕਿ.**

ਜੋਗੀ ਬੀਨ ਵਜਾ ਰਿਹਾ ਸੀ। (ਵਜਾ + ਰਿਹਾ + ਸੀ)

**10. ਮੁ.ਕਿ. + ਮੁ.ਸੰ.ਕਿ. + ਸ.ਕਿ.**

ਮੈਂ ਸੰਗਰੂਰ ਜਾ ਆਇਆ ਹਾਂ। (ਜਾ + ਆਇਆ + ਹਾਂ)

**11. ਮੁ.ਕਿ. + ਕ.ਸੰ.ਕਿ. + ਸ.ਕਿ.**

ਇੱਥੇ ਮੱਥਾ ਟੇਕਣ ਵਾਲੇ ਨੂੰ ਵਰ ਦਿੱਤਾ ਜਾਂਦਾ ਹੈ। (ਦਿੱਤਾ + ਜਾਂਦਾ + ਹੈ)

**12. ਮੁ.ਕਿ. + ਕ.ਸੰ.ਕਿ. + ਗ.ਸੰ.ਕਿ.**

ਲੋਕਾਂ ਨੂੰ ਬੜੀ ਦੇਰ ਤੱਕ ਮੂਰਖ ਬਣਾਇਆ ਜਾਂਦਾ ਰਿਹਾ। (ਬਣਾਇਆ + ਜਾਂਦਾ + ਰਿਹਾ)

**13. ਮੁ.ਕਿ. + ਕ.ਸੰ.ਕਿ. + ਸੰ.ਸੰ.ਕਿ.**

ਜੇ ਚੋਰ ਫੜਿਆ ਜਾ ਸਕਦਾ ਤਾਂ ਪੁਰਾਣੀਆਂ ਚੋਰੀਆਂ ਵੀ ਬਰਾਮਦ ਹੋ ਜਾਣੀਆਂ ਸਨ।

(ਫੜਿਆ + ਜਾ + ਸਕਦਾ)

**14. ਮੁ.ਕਿ. + ਮੁ.ਸੰ.ਕਿ. + ਗ.ਸੰ.ਕਿ. + ਸ.ਕਿ**

ਕਰਜਾ ਤਾਂ ਉਹ ਸਮੇਂ ਸਿਰ ਮੋੜ ਦਿੰਦਾ ਰਿਹਾ ਹੈ। (ਮੋੜ + ਦਿੰਦਾ + ਰਿਹਾ + ਹੈ)

**15. ਮੁ.ਕਿ. + ਮੁ.ਸੰ.ਕਿ. + ਸੰ.ਸੰ.ਕਿ. + ਸ.ਕਿ.**

ਸਾਡੇ ਗੁਰੂ ਜੀ ਮਾਸ ਖਾ ਲਿਆ ਕਰਦੇ ਸਨ। (ਖਾ + ਲਿਆ + ਕਰਦੇ + ਸਨ)

**16. ਮੁ.ਕਿ. + ਗ.ਸੰ.ਕਿ. + ਸੰ.ਸੰ.ਕਿ. + ਸ.ਕਿ.**

ਉਹ ਲਾਇਬਰੇਰੀ ਵਿੱਚ ਕੋਈ ਨਾ ਕੋਈ ਕਿਤਾਬ ਪੜ੍ਹ ਰਿਹਾ ਹੁੰਦਾ ਹੈ। (ਪੜ੍ਹ + ਰਿਹਾ + ਹੁੰਦਾ + ਹੈ)

**17. ਮੁ.ਕਿ. + ਗ.ਸੰ.ਕਿ. +ਸੰ.ਸੰ.ਕਿ. + ਸ.ਕਿ.**

ਇਸਲਾਮੀ ਮਰਿਆਦਾ ਅਨੁਸਾਰ ਮੁਰਦੇ ਨੂੰ ਦੱਬ ਦਿੱਤਾ ਜਾਂਦਾ ਹੈ। (ਦੱਬ + ਦਿੱਤਾ + ਜਾਂਦਾ + ਹੈ)

**18. ਮੁ.ਕਿ. + ਮੁ.ਸੰ.ਕਿ. + ਕ.ਸੰ.ਕਿ. + ਗ.ਸੰ.ਕਿ**

ਭਾਵੇਂ ਲੋਕਾਂ ਦੇ ਸਾਰੇ ਕੰਮ ਕਰ ਦਿੱਤੇ ਜਾਂਦੇ ਰਹੇ ਪਰ ਵੋਟਾਂ ਉਨ੍ਹਾਂ ਫਿਰ ਵੀ ਨਾ ਪਾਈਆਂ।

(ਕਰ + ਦਿੱਤੇ +ਜਾਂਦੇ + ਰਹੇ)

**19. ਮੁ.ਕਿ. + ਕ.ਸੰ.ਕਿ. + ਗ.ਸੰ.ਕਿ. +ਸ.ਕਿ.**

ਅੱਤਵਾਦ ਨੂੰ ਖ਼ਤਮ ਕਰਨ ਲਈ ਬੜੀਆਂ ਸਕੀਮਾਂ ਸੋਚੀਆਂ ਜਾ ਰਹੀਆਂ ਹਨ।

(ਸੋਚੀਆਂ + ਜਾ + ਰਹੀਆਂ + ਹਨ)

**20. ਮੁ.ਕਿ. + ਕ.ਸੰ.ਕਿ. + ਸੰ.ਸੰ.ਕਿ. + ਸ.ਕਿ.**

ਲਾਸ਼ ਨੂੰ ਬਹੁਤਾ ਸਮਾਂ ਨਹੀਂ ਰੱਖਿਆ ਜਾ ਸਕਦਾ ਸੀ। (ਰੱਖਿਆ + ਜਾ + ਸਕਦਾ + ਸੀ)

**21. ਮੁ.ਕਿ. + ਕ.ਸੰ.ਕਿ. + ਗ.ਸੰ.ਕਿ. + ਸੰ.ਸੰ.ਕਿ**

ਜੇ ਇਹ ਪੁਲ ਠੀਕ ਢੰਗ ਨਾਲ਼ ਬਣਾਇਆ ਜਾ ਰਿਹਾ ਹੁੰਦਾ ਤਾਂ ਇੰਨਾਂ ਰੌਲਾ ਨਹੀਂ ਸੀ ਪੈਣਾ।

(ਬਣਾਇਆ + ਜਾ + ਰਿਹਾ + ਹੁੰਦਾ)

**22. ਮੁ.ਕਿ. + ਮੁ.ਸੰ.ਕਿ. + ਕ.ਸੰ.ਕਿ + ਗ.ਸੰ.ਕਿ. + ਸ.ਕਿ.**

ਜਗੀਰਦਾਰੀ ਨਿਜਾਮ ਵਿੱਚ ਬਗਾਵਤ ਨੂੰ ਸਖ਼ਤੀ ਨਾਲ ਦਬਾ ਦਿੱਤਾ ਜਾਂਦਾ ਰਿਹਾ ਹੈ।

(ਦਬਾ + ਦਿੱਤਾ + ਜਾਂਦਾ + ਰਿਹਾ + ਹੈ)

**23. ਮੁ.ਕਿ. + ਮੁ.ਸੰ.ਕਿ. + ਕ.ਸੰ.ਕਿ. + ਸੰ.ਸੰ.ਕਿ. + ਸ.ਕਿ.**

ਉਸ ਦਾ ਉਧਾਰ ਸਮੇਂ ਸਿਰ ਮੋੜ ਦਿੱਤਾ ਜਾ ਸਕਦਾ ਸੀ। (ਮੋੜ + ਦਿੱਤਾ + ਜਾ + ਸਕਦਾ + ਸੀ)

**24. ਮੁ.ਕਿ. + ਕ.ਸੰ.ਕਿ. + ਗ.ਸੰ.ਕਿ. + ਸ.ਕਿ.**

ਅੱਜ ਕੱਲ੍ਹ ਗੈਟ ਸਮਝੌਤੇ ਦੇ ਗੁਣ ਹੀ ਗਾਏ ਜਾ ਰਹੇ ਹਨ। (ਗਾਏ + ਜਾ + ਰਹੇ + ਹਨ)

**ਡਾ. ਹਰਜਿੰਦਰ ਸਿੰਘ,**

**ਮੁਖੀ, ਪੰਜਾਬੀ ਵਿਭਾਗ,**

**ਅਕਾਲ ਡਿਗਰੀ ਕਾਲਜ, ਮਸਤੂਆਣਾ ਸਾਹਿਬ।**